Email.

file No: HU-H1/24/25-641.

I/1038947/2025

ਪੰਜਾਬ ਸਰਕਾਰ

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

(ਮਕਾਨ ਉਸਾਰੀ-1 ਸ਼ਾਖਾ)

ਸੇਵਾ ਵਿਖੇ

ਮੁੱਖ ਪ੍ਰਸ਼ਾਸਕ,
ਬਠਿੰਡਾ ਵਿਕਾਸ ਅਥਾਰਟੀ (ਬੀ.ਡੀ.ਏ.),
ਬਠਿੰਡਾ ।

ਮਿਤੀ, ਚੰਡੀਗੜ੍ਹ: 20/2/2025.

ਵਿਸ਼ਾ: ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਦੀ ਭੋਂ ਨੂੰ ਪੀ.ਐਸ.ਪੀ.ਸੀ.ਐਲ. ਨੂੰ ਵਾਪਸ ਕਰਨ ਸਬੰਧੀ।

*****

ਉਪਰੋਕਤ ਵਿਸ਼ੇ ਤੇ ਦਫਤਰ ਮੁੱਖ ਪ੍ਰਸ਼ਾਸਕ, ਪੁੱਡਾ ਵੱਲੋਂ ਈ.ਮਿਸਲ ਨੰ: PUDA-OUVG0OUVG/8/25 – OUVGL-PUDA ਮਿਤੀ 21.01.2025 ਰਾਹੀਂ ਭੇਜੀ ਗਈ ਤਜਵੀਜ਼ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਰਾਹੀਂ ਆਪ ਵੱਲੋਂ ਵਿਭਾਗ ਨੂੰ ਟਰਾਂਸਫਰ ਹੋਈ 1488 ਏਕੜ 01 ਕਨਾਲ 15 ਮਰਲੇ ਜਗ੍ਹਾ ਵਿੱਚੋਂ 253 ਏਕੜ ਰੱਖਦੇ ਹੋਏ ਬਾਕੀ ਬਚਦੀ ਜਗ੍ਹਾ ਪੀ.ਐਸ.ਪੀ.ਸੀ.ਐਲ. ਨੂੰ ਟਰਾਂਸਫਰ ਕਰਨ ਹਿੱਤ ਮੰਤਰੀ ਮੰਡਲ ਪਾਸੋਂ ਪ੍ਰਵਾਨਗੀ ਹਾਸਿਲ ਕਰਨ ਹਿਤ ਤਜਵੀਜ਼ ਭੇਜੀ ਗਈ ਸੀ। ਉਕਤ ਤਜਵੀਜ਼ ਦੇ ਸਨਮੁੱਖ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਅਜੰਡਾ ਮੰਤਰੀ ਮੰਡਲ ਦੀ ਪ੍ਰਵਾਨਗੀ ਹਿੱਤ ਭੇਜਿਆ ਗਿਆ ਸੀ।

3. ਮੰਤਰੀ ਮੰਡਲ ਵੱਲੋਂ ਮਿਤੀ 13.02.2025 ਨੂੰ ਹੋਈ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਨ ਉਪਰੰਤ ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਦੀ 1488 ਏਕੜ 01 ਕਨਾਲ 15 ਮਰਲੇ ਭੋਂ ਵਿੱਚੋਂ ਵਿਭਾਗ ਵੱਲੋ ਤਜਵੀਜਤ 253 ਏਕੜ ਭੋਂ ਦੀ ਵਰਤੋਂ ਦੀ ਵੰਡ (Redistribution of land) ਅਤੇ ਬਾਕੀ ਬਚਦੀ ਜਗ੍ਹਾ ਪੀ.ਐਸ.ਪੀ.ਸੀ.ਐਲ. ਵਿਭਾਗ ਨੂੰ ਟਰਾਂਸਫਰ ਕਰਨ ਹਿੱਤ ਪ੍ਰਵਾਨਗੀ ਦੇ ਦਿੱਤੀ ਗਈ ਹੈ।

4. ਉਪਰੋਕਤ ਦੇ ਸਨਮੁੱਖ ਆਪ ਨੂੰ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਪਾਸੋਂ ਪ੍ਰਾਪਤ ਪੱਤਰ ਮਿਤੀ 13.02.2025 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮੰਤਰੀ ਮੰਡਲ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ 253 ਏਕੜ ਭੋਂ ਦੀ ਵਰਤੋਂ ਦੀ ਵੰਡ ਅਨੁਸਾਰ ਉਕਤ ਜਗ੍ਹਾ ਦੀ ਭੋਂ ਤਬਦੀਲੀ ਵਰਤੋਂ ਸਬੰਧੀ ਅਗਲੇਰੀ ਕਾਰਵਾਈ ਅਮਲ ਲਿਆਉਂਦੇ ਹੋਏ ਬਾਕੀ ਬਚਦੀ ਜਗ੍ਹਾ ਨੂੰ.ਐਸ.ਪੀ.ਸੀ.ਐਲ. ਵਿਭਾਗ ਨੂੰ ਟਰਾਂਸਫਰ ਕੀਤੀ ਜਾਵੇ।

ਵਿਸ਼ੇਸ਼ ਸਕੱਤਰ